ਵਨੰ

# ਮਹੱਲਾ ਸੁਧਾਰ ਕਮੇਟੀ, ਪੂਨੀਆ ਕਲੋਨੀ, ਸੰਗਰੂਰ।

ਮਿਤੀ:- 29.05.2018

ਵੱਲੋਂ

ਕਾਰਜਕਾਰੀ ਇੰਜਨੀਅਰ,

ਵਾਟਰ ਸਪਲਾਈ ਤੇ ਸੀਵਰੇਜ ਬੋਰਡ,

ਸੰਗਰੂਰ।

ਵਿਸ਼ਾ:- ਪੂਨੀਆ ਕਲੋਨੀ ਦੀਆਂ ਗਲੀਆਂ ਅਤੇ ਸੜਕਾਂ ਬਣਾਉਣ ਚ ਕੀਤੀ ਜਾ ਰਹੀ ਦੇਰੀ ਕਾਰਣ ਕਮੇਟੀ ਵਲੋਂ ਸ਼ੰਘਰਸ਼ ਕਰਨ ਦਾ ਨੋਟਿਸ ਦੇਣ ਬਾਰੇ।

ਸ਼੍ਰੀ ਮਾਨ ਜੀ,

ਬੇਨਤੀ ਹੈ ਕਿ ਤਕਰੀਬਨ ਪਿਛਲੇ ਦੋ ਸਾਲਾਂ ਤੋਂ ਧੂਰੀ ਰੋਡ ਤੇ ਸਥਿਤ ਰੇਲਵੇ ਓਵਰ ਬ੍ਰਿਜ ਦੀ ਸਰਵਿਸ ਲੇਨ ਤੇ ਇਸ ਦੇ ਨਾਲ ਲੱਗਦੀਆਂ ਪੂਨੀਆ ਕਲੋਨੀ ਦੀਆਂ ਗਲੀਆਂ ਵਿੱਚ ਸੀਵਰੇਜ ਪਾਉਣ ਤੋਂ ਬਾਅਦ ਗਲੀਆਂ ਤੇ ਸੜਕਾਂ ਦੀ ਹਾਲਤ ਬਾਰੇ ਤੁਹਾਨੂੰ ਮਹੱਲਾ ਸੁਧਾਰ ਕਮੇਟੀ ਦੇ ਵਫਦ ਨੇ ਮਿੱਤੀ 25.04.2018 ਨੂੰ ਮਿਲ ਕੇ ਜਾਣੂ ਕਰਵਾਇਆ ਸੀ। ਜਿਸ ਦਾ ਤੁਸੀਂ ਵਫਦ ਨੂੰ ਗਲੀਆਂ ਤੇ ਫਿਰਨੀ ਰੋਡ ਵਾਲੀ ਸੜਕ ਦਾ ਕੰਮ ਜਲਦੀ ਸ਼ੁਰੂ ਕਰਵਾਉਣ ਦਾ ਭਰੋਸਾ ਦਿੱਤਾ ਸੀ ਤੇ ਪੁਲ ਵਾਲੀ ਸੜਕ PWD ਵਾਲੇ ਬਣਾਉਣਗੇ ਕਿਹਾ ਸੀ। PWD ਨੇ ਸੜਕ ਦਾ ਕੰਮ ਸ਼ੁਰੂ ਕਰਵਾ ਦਿੱਤਾ ਹੈ ਤਕਰੀਵਨ ਖਤਮ ਹੋਣ ਵਾਲਾ ਹੈ, ਪਰ ਤਸੀਂ ਹੁਣ ਤੱਕ ਕੰਮ ਸ਼ੁਰੂ ਨਹੀਂ ਕਰਵਾਇਆ।

ਤੁਹਾਡੇ ਨਾਲ ਵਾਰ ਵਾਰ ਸੰਪਰਕ ਕਰਨ ਤੇ ਫਿਰਨੀ ਰੋਡ ਵਾਲੀ ਸੜਕ ਤੇ ਗਲੀਆਂ ਦਾ ਕੰਮ ਸ਼ੁਰੂ ਨਹੀਂ ਕਰਵਾਇਆ ਤੇ ਲਗਾਤਾਰ ਟਾਲ ਮਟੋਲ ਕਰ ਰਹੇ ਹੋ। ਇਸ ਲਈ ਹੁਣ ਅਸੀਂ ਸ਼ੰਘਰਸ਼ ਕਰਨ ਲਈ ਮਜਬੂਰ ਹਾਂ। ਜੇਕਰ ਤਸੀਂ ਹੁਣ ਵੀ ਕੰਮ ਸ਼ੁਰੂ ਨਾਂ ਕਰਵਾਇਆ ਤਾਂ ਕਮੇਟੀ ਮਹੱਲਾ ਵਾਸੀਆਂ ਨੂੰ ਨਾਲ ਲੈ ਕੇ ਸਮੇਤ ਔਰਤਾਂ ਦੇ ਮਿੱਤੀ 12.06.2018 ਤੁਹਾਡੇ ਦਫਤਰ ਅੱਗੇ ਰੋਸ ਧਰਨਾਂ ਦੇਵੇਗੀ। ਜਿਸ ਦੇ ਜਿੰਮੇਵਾਰ ਤੁਸੀਂ ਹੋਵੋਗੇ।

ਧੰਨਵਾਦ ਸਹਿਤ

ਨਵੀਂ ਡਾਕ/ਮਿਤੀ 29/5/18

29/5/18

ਬਹਾਦਰ ਸਿੰਘ ਲੌਂਗੋਵਾਲ

ਕਨਵੀਨਰ ਮਹੱਲਾ ਸੁਧਾਰ ਕਮੇਟੀ,

ਪੂਨੀਆਂ ਕਲੋਨੀ, ਸੰਗਰੂਰ।

(90413 81882)

ਨੋਟ :- ਇਸ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਿਆ ਜਾਂਦਾ ਹੈ।

4766
31-5-18

1. ਮੁੱਖ ਕਾਰਜਕਾਰੀ ਅਫਸਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਚੰਡੀਗੜ੍ਹ।
2. ਡਿਪਟੀ ਕਮਿਸ਼ਨਰ ,ਸੰਗਰੂਰ।
3. ਐਸ ਐਸ ਪੀ. ਸੰਗਰੂਰ। 4. SHO ਥਾਣਾਂ ਸਿਟੀ, ਸੰਗਰੂਰ
5. S.E. ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ, ਪਟਿਆਲਾ

R.K. 1-6-18

4/6/18

ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ
ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ ।

ਪਿੱਠ ਅੰਕਣ ਨੰ: ਪਵਸਸਬ-2018/ਵ-3/ 10566 ਮਿਤੀ: 12-6-18

ਉਪਰੋਕਤ ਦੀ ਨਕਲ ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜਦੇ ਬੇਨਤੀ ਕੀਤੀ ਜਾਂਦੀ ਹੈ ਕਿ ਵਿਸੇ ਅੰਕਿਤ ਮਾਮਲੇ ਤੇ ਲੋੜੀਦੀ ਕਾਰਵਾਈ ਕਰਨ ਉਪਰੰਤ ਤੁਰੰਤ ਜਵਾਬ ਸਿੱਧੇ ਤੌਰ ਤੇ ਪ੍ਰਾਰਥੀ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ ।

12/6

ਕਾਰਜਕਾਰੀ ਇੰਜੀਨੀਅਰ (ਵ)

New Doc 2018-05-29 _2.jpg
5/29/2018
https://mail.google.com/mail/u/0/#inbox/163ab57ac3e3ce0d?projector=1&messagePartId=0.5